# ਪਾਠ-ਯੋਜਨਾ

ਜਮਾਤ - ਨੌਵੀਂ

ਵਿਸ਼ਾ - ਪੰਜਾਬੀ

ਪਾਠ - ਸਮਾਂ (ਕਵਿਤਾ)
ਭਾਈ ਵੀਰ ਸਿੰਘ

## ਸਹਾਇਕ ਸਮੱਗਰੀ :-

ਚਾਕ, ਡਸਟਰ, ਸੰਕੇਤਕ, ਬਲੈਕ-ਬੋਰਡ, ਵਿਸ਼ੇ ਨਾਲ ਸੰਬੰਧਿਤ ਤਸਵੀਰਾਂ, ਪਾਠ-ਪੁਸਤਕ

## ਪਾਠ ਦਾ ਉਦੇਸ਼ :-

1. ਬੱਚਿਆਂ ਨੂੰ ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ।
2. ਵਿਦਿਆਰਥੀਆਂ ਨੂੰ ਸਮੇਂ ਦੀ ਸੰਭਾਲ ਬਾਰੇ ਜਾਣਕਾਰੀ ਦੇਣਾ।
3. ਸਮੇਂ ਦਾ ਸਦ-ਉਪਯੋਗ ਕਰਨ ਲਈ ਪ੍ਰੇਰਿਤ ਕਰਨਾ।
4. ਵੱਧ ਤੋਂ ਵੱਧ ਸਮਾਂ ਚੰਗੇ ਕੰਮਾਂ ਵਿੱਚ ਲਾਉਣ ਲਈ ਉਤਸ਼ਾਹਿਤ ਕਰਨਾ।

## ਪੂਰਵ ਗਿਆਨ ਪਰਖ :-

1. ਅਸੀਂ ਘੜੀ ਰਾਹੀਂ ਕੀ ਦੇਖਦੇ ਹਾਂ?
2. ਕੀ ਤੁਸੀਂ ਸਮੇਂ ਦਾ ਸਦ-ਉਪਯੋਗ ਕਰਦੇ ਹੋ?
3. ਸਾਡੀ ਜ਼ਿੰਦਗੀ ਵਿੱਚ ਸਭ ਤੋਂ ਕੀਮਤੀ ਚੀਜ਼ ਕਿਹੜੀ ਹੈ?

4. ਉਹ ਕਿਹੜੀ ਚੀਜ਼ ਹੈ ਜੋ ਇੱਕ ਵਾਰ ਹੱਥੋਂ ਖੁੰਝੀ ਜਾਵੇ ਤਾਂ ਵਾਪਸ ਨਹੀਂ ਆਉਂਦੀ?
5. ਕੀ ਸਾਨੂੰ ਸਮਾਂ ਵਿਹਲੇ ਫਿਰ ਕੇ ਜਾਂ ਫਾਲਤੂ ਗੱਲਾਂ ਕਰਕੇ ਗੁਆਉਣਾ ਚਾਹੀਦਾ ਹੈ?

## ਸ਼ਬਦਾਵਲੀ :-

ਕਵਿਤਾ ਵਿੱਚ ਆਈ ਸ਼ਬਦਾਵਲੀ ਨੂੰ ਸ਼ੁੱਧ ਅਤੇ ਖ਼ੂਬਸੂਰਤ ਢੰਗ ਨਾਲ ਲਿਖਣ ਅਤੇ ਬੋਲਣ ਦੀ ਜਾਣਕਾਰੀ ਦਿੱਤੀ ਜਾਵੇਗੀ, ਖੱਤ-ਖਾਉਣਾ, ਵਾਸਤੇ, ਅਟਕ, ਖੋਲੇ-ਖੋਲੀ, ਵਗੈਰ

## ਵਿਸ਼ਾ :-

ਭਾਈ ਵੀਰ ਸਿੰਘ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਉਹ ਆਪਣੇ ਵਰਤਮਾਨ ਸਮੇਂ ਨੂੰ ਚੰਗੀ ਤਰ੍ਹਾਂ ਸੰਭਾਲ ਲਵੇ, ਕਿਉਂਕਿ ਸਮਾਂ ਨਿਰੰਤਰ ਤੁਰਿਆ ਜਾ ਰਿਹਾ ਹੈ। ਇਸਨੂੰ ਤਾਂ ਰੁਕਣ ਦੀ ਜਾਚ ਹੀ ਨਹੀਂ ਹੈ ਤੇ ਜਿਹੜਾ ਸਮਾਂ ਇੱਕ ਵਾਰ ਬੀਤ ਗਿਆ, ਉਹ ਮੁੜਕੇ ਵਾਪਸ ਪਰਤਣਾ ਹੀ ਨਹੀਂ, ਇਸ ਲਈ ਮਨੁੱਖ ਨੂੰ ਸਮੇਂ ਅਨੁਸਾਰ ਤੇ ਸਮੇਂ ਵਾਂਗ ਨਿਰੰਤਰ ਗਤੀਸ਼ੀਲ ਰਹਿਣਾ ਚਾਹੀਦਾ ਹੈ। ਆਪਣਾ ਕੀਮਤੀ ਸਮਾਂ ਵਿਅਰਥ ਨਹੀਂ ਗੁਆਉਣਾ ਚਾਹੀਦਾ।

## ਵਿਧੀ :—

ਅਧਿਆਪਕ ਬੱਚਿਆਂ ਨੂੰ ਇੱਕ ਵਾਰ ਹਾਵ-ਭਾਵ ਨਾਲ ਕਵਿਤਾ ਪਾਠ ਕਰੇਗਾ। ਇਸ ਉਪਰੰਤ ਵਿਦਿਆਰਥੀਆਂ ਤੋਂ ਵਾਰੀ-ਵਾਰੀ ਪਾਠ ਪੜ੍ਹਾਇਆ ਜਾਵੇਗਾ ਅਤੇ ਵਿਦਿਆਰਥੀਆਂ ਵੱਲੋਂ ਕਵਿਤਾ ਵਿੱਚ ਆਏ ਔਖੇ, ਨਵੇਂ ਸ਼ਬਦਾਂ, ਵਿਸ਼ੇਸ਼ਣ ਤੇ ਸਮ ਸ਼੍ਰੇਣੀ ਸ਼ਬਦਾਂ ਨੂੰ ਰੇਖਾਂਕਿਤ ਕਰਨਗੇ। ਸਾਰੀ ਕਵਿਤਾ ਦੇ ਅਰਥ ਕਰਵਾਏ ਜਾਣਗੇ।

ਫਿਰ ਚਰਚਾ ਵਿਧੀ ਰਾਹੀਂ ਕਵਿਤਾ ਦਾ ਸਾਰ ਵਿਦਿਆਰਥੀਆਂ ਨੂੰ ਸਮਝਾਇਆ ਜਾਵੇਗਾ। ਉਨ੍ਹਾਂ ਨੂੰ ਕਵਿਤਾ ਬਾਰੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਨ੍ਹਾਂ ਦੇ ਉੱਤਰਾਂ ਨੂੰ ਲੋੜ ਅਨੁਸਾਰ ਅਧਿਆਪਕ ਸੋਧੇਗਾ ਤੇ ਦੱਸੇਗਾ ਕਿ ਕਵੀ ਨੇ ਕਿਵੇਂ ਇਸ ਕਵਿਤਾ ਵਿੱਚ ਸਮੇਂ ਦੀ ਮਹਾਨਤਾ ਬਾਰੇ ਬਿਆਨ ਕੀਤਾ ਹੈ। ਕਵੀ ਸਮੇਂ ਦਾ ਸਦਉਪਯੋਗ ਕਰਨ ਲਈ ਪ੍ਰੇਰਿਤ ਕਰਦਾ ਹੈ। ਫਿਰ ਪ੍ਰਸ਼ਨ ਉੱਤਰ ਕਾਪੀਆਂ ਵਿੱਚ ਕਰਨ ਲਈ ਕਿਹਾ ਜਾਵੇਗਾ।

## ਰਚਨਾਤਮਕ - ਕਾਰਜ :—

1. ਅਧਿਆਪਕ ਬੱਚਿਆਂ ਨੂੰ ਕਵਿਤਾ ਸੁਰ ਅਤੇ ਲੈਅ ਵਿੱਚ ਪੜ੍ਹਾਏਗਾ।
2. ਸਕੂਲ ਵਿੱਚ ਤੁਸੀਂ ਸਮੇਂ ਦਾ ਸਹੀ ਉਪਯੋਗ ਕਿਵੇਂ ਕਰਦੇ ਹੋ।
3. ਵਿਦਿਆਰਥੀਆਂ ਨੂੰ ਕਿਹਾ ਜਾਵੇਗਾ ਕਿ ਵੱਧ ਤੋਂ ਵੱਧ ਸਮਾਂ ਬਚਾਉਣਾ ਚਾਹੀਦਾ ਹੈ।
4. ਆਪਣੇ ਸਮੇਂ ਦਾ ਸਹੀ ਉਪਯੋਗ ਕਰਦੇ ਹੋਏ ਕਿਸੇ ਦੀ ਕਿਵੇਂ ਮਦਦ ਕਰ ਸਕਦੇ ਹੋ।

# ਪਾਠ - ਯੋਜਨਾ

ਜਮਾਤ - ਨੌਵੀਂ

ਪਾਠ - ਵਿਸਾਖੀ ਦਾ ਮੇਲਾ (ਕਵਿਤਾ)
(ਧਨੀ ਰਾਮ ਚਾਤ੍ਰਿਕ)

ਵਿਸ਼ਾ - ਪੰਜਾਬੀ

## ਸਹਾਇਕ ਸਮੱਗਰੀ:-

ਚਾਕ ਡਸਟਰ ਬਲੈਕ-ਬੋਰਡ, ਚਾਰਟ, ਕੰਪਿਊਟਰ, ਪ੍ਰੋਜੈਕਟਰ, ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਦਾ ਚਾਰਟ

## ਉਦੇਸ਼:-

1. ਵਿਦਿਆਰਥੀਆਂ ਵਿੱਚ ਕਵਿਤਾ ਬਾਰੇ ਸੂਝ-ਸਮਝ ਪੈਦਾ ਕਰਨਾ।
2. ਉਹਨਾਂ ਦਾ ਬੌਧਿਕ ਵਿਕਾਸ ਕਰਨਾ।
3. ਪੰਜਾਬ ਦੇ ਮੇਲਿਆਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ।
4. ਦੇਸੀ ਮਹੀਨਿਆਂ ਬਾਰੇ ਜਾਣਕਾਰੀ ਦੇਣਾ।

## ਪੂਰਵ ਗਿਆਨ-ਪਰਖ:-

1. ਪੰਜਾਬ ਵਿੱਚ ਕਿਹੜੇ - ਕਿਹੜੇ ਮੇਲੇ ਲੱਗਦੇ ਹਨ।
2. ਤੁਸੀਂ ਰੋਟੀ ਕਿਸ ਆਟੇ ਦੀ ਖਾਂਦੇ ਹੋ?
3. ਕਣਕ ਕਿਹੜੇ ਮਹੀਨੇ ਵਿੱਚ ਪੱਕਦੀ ਹੈ?

4. ਵਿਸਾਖ ਦੇ ਮਹੀਨੇ ਵਿੱਚ ਕਿਹੜਾ ਮੇਲਾ ਲੱਗਦਾ ਹੈ?

## ਸ਼ਬਦਾਵਲੀ :-

ਕਵਿਤਾ ਵਿੱਚ ਆਈ ਸ਼ਬਦਾਵਲੀ ਨੂੰ ਸ਼ੁੱਧ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬੋਲਣ ਅਤੇ ਲਿਖਣ ਦੀ ਜਾਣਕਾਰੀ ਦੇਣਾ।
ਜਿਵੇਂ- ਵੱਛਾਂ, ਸਾਉਂ, ਚੇਤਿਆਂ, ਵੰਨਗੀ

## ਵਿਸ਼ਾ :-

ਕਵੀ ਬਾਰੇ ਜਾਣਕਾਰੀ ਦੇਣਾ। ਕਵਿਤਾਂ ਵਿਸਾਖੀ ਦਾ ਮੇਲਾ ਕਵੀ- ਧਨੀ ਰਾਮ ਚਾਤ੍ਰਿਕ।

ਪੱਕ ਗਈਆਂ ਕਣਕਾਂ, - - - -
ਬੂਰ ਪਿਆ ਅੰਬਾਂ ਨੂੰ - - - -
ਬਾਗਾਂ ਉੱਤੇ ਰੰਗ - - -
ਬੇਰੀਆਂ ਜ਼ਿਰਾਈਆਂ - - -
ਪੈਂਗਲੀਆਂ - - - ਫੜੀਆਂ।
ਮਾਵੀ ਦੀ ਕਿਰਾਨ - - - ਚੱਲੀਏ।
ਦੂਰ-ਦੂਰ - - - ਲੱਗੀ ਹੋਈ ਏ।
ਹੱਟੀਆਂ ਦੁਕਾਨਾਂ - - - ਵਿਸਾਖੀ ਚੱਲੀਏ।
ਚੱਲਾ ਤੇ ਰੇ - - - ਵਿਸਾਖੀ ਚੱਲੀਏ।

## ਵਿਧੀ :-

ਸਭ ਤੋਂ ਪਹਿਲਾਂ ਅਧਿਆਪਕ ਕਵਿਤਾ ਅਤੇ ਕਵੀ ਦਾ ਨਾਂ ਬਲੈਕ ਬੋਰਡ ਉੱਤੇ ਲਿਖੇਗਾ। ਅਧਿਆਪਕ ਪਹਿਲਾਂ ਵਿਦਿਆਰਥੀਆਂ ਨੂੰ ਖੁਦ ਮੌਨ-ਪਾਠ ਰਾਹੀਂ ਕਵਿਤਾ ਦਾ ਅਨੰਦ ਮਾਣਨ ਲਈ ਕਹੇਗਾ ਤਾਂ ਜੋ ਉਹ ਖੁਦ ਆਪਣੀ ਸਮਝ ਅਨੁਸਾਰ ਕਵਿਤਾ ਦੇ ਅਰਥ ਅਤੇ ਭਾਵ ਸਮਝਣ ਦੀ ਕੋਸ਼ਿਸ਼ ਕਰਨ। ਫਿਰ ਅਧਿਆਪਕ ਲੈਅ-ਬੱਧ ਤਰੀਕੇ ਨਾਲ ਕਵਿਤਾ ਨੂੰ ਪੜ੍ਹਾਏਗਾ। ਕਵਿਤਾ ਵਿੱਚ ਆਏ ਔਖੇ ਸ਼ਬਦ ਅਤੇ ਉਹਨਾਂ ਦੇ ਅਰਥਾਂ ਨੂੰ ਬਲੈਕ ਬੋਰਡ ਤੇ ਲਿਖੇਗਾ।

ਬਾਅਦ ਵਿੱਚ ਅਧਿਆਪਕ ਕਵਿਤਾ ਦੀ ਵਿਆਖਿਆ ਕਰੇਗਾ ਅਤੇ ਦੱਸੇਗਾ ਕਿ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਧਨੀ ਰਾਮ ਚਾਤ੍ਰਿਕ ਨੇ ਵਿਸਾਖੀ ਦੇ ਮੇਲੇ ਦਾ ਦ੍ਰਿਸ਼ ਚਿਤਰਣ ਕੀਤਾ ਹੈ। ਉਹ, ਕਿ ਇਸ ਵਿਚ ਵਿਸਾਖੀ ਦੇ ਮੇਲੇ ਵਿੱਚ ਜੋ-ਜੋ ਹੁੰਦਾ ਹੈ ਦੱਸਦਾ ਹੋਇਆ ਕਹਿੰਦਾ ਹੈ ਕਿ ਉਸ ਸਮੇਂ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ, ਅੰਬਾਂ ਨੂੰ ਬੂਰ ਪੈ ਜਾਂਦਾ ਹੈ, ਗੁਲਾਬ ਦੇ ਫੁੱਲ ਖਿੜ ਜਾਂਦੇ ਹਨ, ਬੇਰੀਆਂ ਨੂੰ ਬੇਰ ਲੱਗ ਜਾਂਦੇ ਹਨ, ਵੇਲਾਂ ਸ਼ਿੰਗਾਰ ਕੇ ਰੁੱਖਾਂ ਤੇ ਚੜ੍ਹਨ ਲੱਗ ਜਾਂਦੀਆਂ ਹਨ। ਲੱਗਦਾ ਹੈ ਪਰਮਾਤਮਾ ਦੀ ਕਿਰਪਾ ਸਭ ਤੇ ਮਿਹਰਬਾਨ ਹੈ।

ਮੇਲੇ ਵਿਚ ਲੱਗੀਆਂ ਵਣਜਾਰਿਆਂ ਦੀਆਂ ਹੱਟੀਆਂ ਅਤੇ ਹਲਵਾਈਆਂ ਦੀਆਂ ਦੁਕਾਨਾਂ ਬਾਰੇ ਬਿਆਨ ਕਰਦਾ ਹੈ।

ਕਈ, ਦੱਸਦਾ ਹੈ ਕਿ ਮੇਲੇ ਵਿਚ ਪੰਘੂੜੇ ਚੱਲ ਰਹੇ ਸਨ। ਜੋਗੀ ਸੱਪਾਂ ਦੇ ਅਤੇ ਮਦਾਰੀ ਬਾਂਦਰ- ਬਾਂਦਰੀ, ਰਿੱਛ ਆਦਿ ਦੇ ਤਮਾਸ਼ੇ ਵਿਖਾ ਰਹੇ ਸਨ। ਕਈ ਨੌਜਵਾਨ ਮੇਲੇ ਦੇ ਖ਼ੁਸ਼ ਅਤੇ ਬਹਾਰ ਦੇ ਮੌਸਮ ਦਾ ਵਰਣਨ ਕਰਕੇ ਆਪਣੀ ਖ਼ੁਸ਼ੀ ਦਾ। ਨੂੰ ਮੇਲੇ ਵਿਆਹ ਜਿਹੀ ਖ਼ੁਸ਼ੀ ਪੈਦਾ ਕਰ ਦਿੰਦਾ ਹੈ। ਦਿੱਤੇ ਬਾਰੇ ਪ੍ਰਸ਼ਨ। ਉੱਤਰ ਕਾਪੀਆਂ ਵਿਚ ਕਰਵਾਏ ਜਾਣਗੇ।

## ਰਚਨਾਤਮਕ- ਕਾਰਜ :—

1. ਅਧਿਆਪਕ ਵਿਦਿਆਰਥੀਆਂ ਦੀ ਮੇਲਿਆਂ ਪ੍ਰਤੀ ਜਾਣਕਾਰੀ ਬਾਰੇ ਪ੍ਰੋਜੈਕਟ ਕਰਵਾਏਗਾ।
2. ਪੰਜਾਬ ਦੇ ਮੇਲਿਆਂ ਤੇ ਚਾਰਟ ਤਿਆਰ ਕਰਵਾਏਗਾ।
3. ਬੱਚੇ ਮੇਲਿਆਂ ਬਾਰੇ ਆਪਣੇ ਤਜਰਬੇ ਲਿਖਣਗੇ ਕਿ ਕਿਹੜਾ ਮੇਲਾ ਦੇਖੇ ਤੇ ਕਿਉਂ ਲੱਗਦਾ ਹੈ ਇਸ ਨਾਲ ਉਨ੍ਹਾਂ ਦੀ ਜਾਣਕਾਰੀ ਵਿੱਚ ਸੁਧਾਰ ਆਏਗਾ।
4. ਆਪਣੇ ਮਾਤਾ- ਪਿਤਾ ਨਾਲ ਜਾ ਕੇ ਕਿਸੇ ਵੀ ਮੇਲੇ ਬਾਰੇ ਜਾਣਕਾਰੀ ਪ੍ਰਾਪਤ ਕਰੋ।
5. ਪੜ੍ਹੀ ਗਈ ਕਵਿਤਾ ਦੀਆਂ ਦੋ ਸਾਹਿਤਕ ਰਚਨਾਵਾਂ ਦੇ ਨਾਂ ਲਿਖਾਏ ਜਾਣਗੇ।

# ਪਾਠ - ਯੋਜਨਾ

**ਜਮਾਤ** - ਦਸਵੀਂ

**ਵਿਸ਼ਾ** - ਪੰਜਾਬੀ

**ਪਾਠ** - ਵਹਿਮੀ ਤਾਇਆ
(ਲੇਖ)
(ਸੁਖਾ ਸਿੰਘ)

## ਸਹਾਇਕ - ਸਮੱਗਰੀ :—

ਚਾਕ, ਡਸਟਰ, ਸੰਕੇਤਕ, ਬਲੈਕ-ਬੋਰਡ, ਪਾਠ-ਪੁਸਤਕ, ਪਾਠ ਨਾਲ ਸੰਬੰਧਿਤ ਚਾਰਟ

## ਪਾਠ ਦਾ ਉਦੇਸ਼ :—

1. ਵਹਿਮਾਂ - ਭਰਮਾਂ ਬਾਰੇ ਜਾਗਰੂਕ ਕਰਨਾ।
2. ਜੀਵਨ ਵਿੱਚ ਸਹੀ ਢੰਗ- ਤਰੀਕੇ ਨਾਲ ਰਹਿਣਾ।
3. ਸਰੀਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਦਾ ਕੋਈ ਇਲਾਜ ਨਹੀਂ ਬਾਰੇ ਜਾਣਕਾਰੀ ਦੇਣਾ।
4. ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਵਹਿਮੀ ਬੰਦਿਆਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।

## ਪ੍ਰਸ਼ਨ ਗਿਆਨ ਪਰੀਖਿਆ :—

1. 'ਵਹਿਮੀ' ਕਿਸਨੂੰ ਕਿਹਾ ਜਾਂਦਾ ਹੈ?
2. ਕੀ ਤੁਸੀਂ ਕਿਸੇ ਵਹਿਮ ਬਾਰੇ ਜਾਣਦੇ ਹੋ?
3. ਲੋਕ ਕਿਹੜੇ - ਕਿਹੜੇ ਵਹਿਮ ਕਰਦੇ ਹਨ?
4. ਕੀ ਵਹਿਮ ਕਰਨਾ ਚੰਗੀ ਆਦਤ ਹੈ?
5. ਕੀ ਵਹਿਮੀ ਲੋਕਾਂ ਨੂੰ ਆਮ ਲੋਕ ਪਸੰਦ ਕਰਦੇ ਹਨ?

## ਸ਼ਬਦਾਵਲੀ :—

ਇਸ ਪਾਠ ਵਿੱਚ ਹੇਠ ਪੰਜਾਬੀ ਸ਼ਬਦਾਵਲੀ ਵਰਤੀ ਗਈ ਹੈ, ਬੱਚਿਆਂ ਨੂੰ ਮੁੱਖ ਸ਼ਬਦ ਲਿਖਣ ਅਤੇ ਬੋਲਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਜਿਵੇਂ- ਫਾਰ ਛਾਪਣਾ ਕਰਨਾ, ਪਹਿਲੇ ਪੌੜ੍ਹਾ, ਭ੍ਰਮਰਣੀ

## ਵਿਸ਼ਾ :—

'ਵਹਿਮੀ ਤਾਇਆ' ਲੋਕ ਕਥਾ ਸ਼ੈਲੀ ਦੀ ਰਚਨਾ ਹੈ। ਇਸ ਵਿੱਚ ਤਾਇਆ ਸਰਮਾ ਰਾਮ ਨੂੰ ਜਾਗ

ਸਮੱਸਿਆ, ਵਿਸ਼ਵੀ ਤਪਸ਼ ਸਮਝਣ ਹੈ। ਤੇ ਪਿੱਠ ਪਿੱਛੇ ਸਾਲ
ਦੀ ਹੈ, ਤਾਂ ਨੂੰ ਸ਼ੁਰੂ ਤੋਂ ਵਿਸ਼ਿਆਂ ਨਾਲ ਪਿਆਰ ਸੀ,
ਪਿਤਾਜੀ ਦੀ ਵਿਗਿਆਨ ਆਇਆ ਉਸਨੂੰ ਸੀਓ-ਆਇਆਂ ਨੂੰ ਆਖਿਆ
ਅਤੇ ਗੱਲ ਨਾਲ ਪਾ ਦੇ ਗੱਲਿਆ। ਤਾਂ ਨੂੰ ਵਿਗਿਆਨ ਸੀ ਕਿ
ਉਸਨੂੰ ਪ੍ਰਯੋਗ ਹੈ, ਮੈਂ ਨਸਲੀ ਨਾਲ ਤਾਂ ਦੀ ਪੱਧ ਦੱਸ ਦੀ
ਨੇਚਰ ਸੁ ਦੱਸ ਗੱਲਿਆ ਵੇਖੀ ਰੱਖ ਕੀਤੀ ਸੀ। ਤਾਂ ਸਮਝਿਆ ਗਸ
ਨੇ ਸਵੇਰ ਕਿਸੇ ਨਾਲ ਸਰ ਦਮਾਂ ਨੇ ਦੱਸ ਸਿਖਾ ਲੈਣ ਤਾਂ ਕਿਤਾਬ
ਦਾ ਜ਼ਰੂਰ ਕਈ ਅੱਧ-ਅੱਧਾ ਪੰਨਾਂ ਸਾਧਨ ਸਮੂ-ਸਰ ਦੇ ਦੱਸ ਪੋਥੀ
ਜਾਣੇ। ਜਮਾਤੀਆਂ ਦੇ ਬੱਚੇ ਦੇ ਸ਼ੁਰੂ ਨੂੰ ਕਿਸੇ ਦੇ ਉਸਨੇ ਸੁ ਬੱਚੇ, ਦੇ ਸ਼ੁਰੂ
ਤੇ ਵੇਲਾਂ ਨੂੰ ਸਾਧਨ ਨਾਲ ਰਗੜ-ਰਗੜ ਦੇ ਸ਼ੁਰੂ ਕੱਢ ਦਿੰਦਾ ਹੈ, ਦੱਤੇ
ਦੇ ਵੈਰਣ ਸੁ ਆਪਣੀ ਨਵਾਬ, ਦਾਸ ਹੋਣਾਂ ਹੀਰੇ ਲਗਾਉਂਦਾ ਰਹਿੰਦਾ ਹੈ।

— ਵਿਸ਼ਵ ਵੇਦ ਨਵਾਬੀ।

## ਵਿਧੀ :—

ਸਭ ਤੋਂ ਪਹਿਲਾਂ ਪਾਠ ਅਤੇ ਉਸਦੇ ਲੇਖਕ
ਬਾਰੇ ਦੱਸੇਗਾ, ਫਿਰ ਪਾਠ ਬਾਰੇ ਸੰਖੇਪ ਜਾਣਕਾਰੀ ਦੇ
ਕੇ ਬੱਚਿਆਂ ਤੋਂ ਵਾਰੋ-ਵਾਰੀ ਪਾਠ ਪੜ੍ਹਾਇਆ ਜਾਵੇਗਾ
ਅਤੇ ਨਾਲ-ਨਾਲ ਔਖੇ ਸ਼ਬਦਾਂ ਦੇ ਅਰਥ ਸਮਝਾਏ
ਜਾਣਗੇ। ਔਖੇ ਸ਼ਬਦਾਂ ਨੂੰ ਬਲੈਕ ਬੋਰਡ ਤੇ ਲਿਖਿਆ ਜਾਵੇਗਾ।
ਫਿਰ ਬੱਚਿਆਂ ਪਾਠ ਦੀ ਵਿਆਖਿਆ ਕਰੇਗਾ ਤੇ ਦੱਸੇਗਾ ਕਿ
ਪਾਠ 'ਵਿਸ਼ਵੀ ਤਪਸ਼' ਵਿੱਚ ਤਾਪਮਾਨ ਸਮੱਸਿਆ ਕਿਸ ਪ੍ਰਕਾਰ
ਵਿਸ਼ਵ ਭਰ ਵਿੱਚ ਵਿਸ਼ਵੀ ਤਪਸ਼ ਫੈਲਾਉਂਦਾ ਰਹੇਗਾ। ਤਪਸ਼ ਸਮੱਸਿਆ

ਗਸ ਤਰੀਕੇ ਵੱਖੀ- ਵੱਖੀ ਚੀਜ਼ ਨੂੰ ਆਪਣੇ ਸਰੀਰ ਨਾਲ ਲਾ ਕੇ ਖੇਡ ਸਕਦਾ ਹੈ। ਉਹਨਾਂ ਦੇ ਮਨ ਵਿੱਚੋਂ ਉਹ ਡਰ ਕਿਸੇ ਦੇ ਸਮਝਾਉਣ ਤੋਂ ਹੀ ਹਟੀ ਨਿਕਲਦਾ। ਇਸ ਲੇਖ ਨਾਲ ਸੰਬੰਧਿਤ ਪ੍ਰਸ਼ਨ, ਉੱਤਰ ਕਾਪੀਆਂ ਵਿੱਚ ਕਰਵਾਏ ਜਾਣਗੇ

ਵਿਆਖਿਆ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਤੋਂ ਪਾਠ ਨਾਲ ਸੰਬੰਧਿਤ ਪ੍ਰਸ਼ਨ ਪੁੱਛੇਗਾ ਤਾਂ ਜੋ ਪਤਾ ਲੱਗ ਸਕੇ ਕਿ ਉਹਨਾਂ ਨੂੰ ਪਾਠ ਦੀ ਕਿੰਨੀ ਕੁ ਸਮਝ ਆਈ।

## ਰਚਨਾਤਮਕ- ਕਾਰਜ :—

1. ਬੱਚਿਆਂ ਦੇ ਖੇਡਣ ਕੌਸ਼ਲ ਵਿੱਚ ਸੁਧਾਰ ਲਿਆਉਣ ਲਈ ਵਖਿਆਂ- ਤਰ੍ਹਾਂ ਵਿਸ਼ੇ ਦੇ ਪੱਧਰ ਅਤੇ ਵਿਰੋਧ ਵਿੱਚ ਵਾਰ- ਵਿਵਾਰ ਪ੍ਰਤੀਯੋਗਤਾ ਕਰਵਾਈ ਜਾਵੇਗੀ।
2. ਬੱਚਿਆਂ ਦੀ ਰੁਚੀ ਵਿੱਚ ਸੁਧਾਰ ਲਿਆਉਣ ਲਈ ਕਿਸੇ ਅਜਿਹੇ ਵਿਅਕਤੀ ਦਾ ਲੇਖਾ- ਚਿੱਤਰ ਲਿਖਣ ਲਈ ਕਿਹਾ ਜਾਵੇਗਾ ਜੋ ਤਾਰਿਆਂ ਸਰਲਾ ਰਸ ਢੰਗ ਨੀ ਵਖਿਆ- ਤਰ੍ਹਾਂ ਕਰੇ।

# ਪਾਠ - ਯੋਜਨਾ

**ਜਮਾਤ** - ਨੌਵੀਂ

**ਪਾਠ** - ਮੁੜ ਵੇਖਿਆ ਪਿੰਡ (ਲੇਖ)
(ਬਲਰਾਜ ਸਾਹਨੀ)

**ਵਿਸ਼ਾ** - ਪੰਜਾਬੀ

**ਸਹਾਇਕ ਸਮੱਗਰੀ** - ਚਾਕ, ਡਸਟਰ, ਸੰਕੇਤਕ, ਬਲੈਕ-ਬੋਰਡ, ਪਾਠ-ਪੁਸਤਕ, ਵਿਸ਼ੇ ਨਾਲ ਸੰਬੰਧਿਤ-ਚਾਰਟ।

**ਪਾਠ ਦਾ ਉਦੇਸ਼** -

1. ਦੇਸ਼ ਦੀ ਵੰਡ ਵੇਲੇ ਹੋਈ ? ਬਾਰੇ ਜਾਣਕਾਰੀ ਦਿੱਤੀ ਜਾਵੇਗੀ।
2. ਦੇਸ਼ ਦੀ ਵੰਡ ਕਰਕੇ ਨੂੰ ਕਿਵੇਂ ਆਪਣੀ ਜਨਮ ਭੂਮੀ ਨੂੰ ਛੱਡਣਾ ਪਿਆ, ਬਾਰੇ ਦੱਸਿਆ ਜਾਵੇਗਾ।
3. ਜਨਮ ਭੂਮੀ ਨਾਲ ਪਿਆਰ ਬਾਰੇ ਵਿਚਾਰ ਕੀਤਾ ਜਾਵੇਗਾ।
4. ਬੱਚਿਆਂ ਨੂੰ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪ੍ਰਤੀ ਪ੍ਰੋਤਸ਼ਾਹਿਤ ਕੀਤਾ ਜਾਵੇਗਾ।

## ਪੂਰਵ ਗਿਆਨ ਪਰੀਖਿਆ —

1. ਕੀ ਤੁਸੀਂ ਆਪਣੇ ਦੇਸ਼ ਨੂੰ ਪਿਆਰ ਕਰਦੇ ਹੋ?
2. ਸਾਡੇ ਦੇਸ਼ ਨੂੰ ਅਜ਼ਾਦੀ ਕਦੋਂ ਮਿਲੀ?
3. ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਲੋਕਾਂ ਨੇ ਕਿਹੜੀਆਂ ਕਠਿਨਾਈਆਂ ਦਾ ਸਾਹਮਣਾ ਕੀਤਾ?
4. ਜਦੋਂ ਤੁਸੀਂ ਕਦੇ ਆਪਣੇ ਘਰ ਤੋਂ ਦੂਰ ਜਾਂਦੇ ਹੋ ਤਾਂ ਕੀ ਤੁਹਾਨੂੰ ਆਪਣੇ ਘਰ ਦੀ ਯਾਦ ਆਉਂਦੀ ਹੈ?

## ਸ਼ਬਦਾਵਲੀ :—

ਇਸ ਪਾਠ ਵਿੱਚ ਉਰਦੂ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਗਈ ਹੈ। ਬੱਚਿਆਂ ਨੂੰ ਮੁੱਖ ਸ਼ਬਦਾਵਲੀ ਲਿਖਤ ਅਤੇ ਬੋਲਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਔਖੇ ਸ਼ਬਦਾਂ ਦੇ ਅਰਥ ਸਮਝਾਕੇ ਬਲੈਕ-ਬੋਰਡ ਤੇ ਲਿਖਣ ਲਈ ਕਿਹਾ ਜਾਵੇਗਾ।
ਜਿਵੇਂ - ਜਜ਼ੀਰਿਆਂ, ਮੌਤਸ਼ਿਮ, ਰੁਖ਼ਸਤ, ਤਕੱਲਫ਼ਾਤ, ਅਦਾਰ

## ਵਿਸ਼ਾ —

'ਮੁੜ ਵੇਖਿਆ ਪਿੰਡ' ਬਲਰਾਜ ਸਾਹਨੀ ਦਾ ਲੇਖ ਹੈ। 16 ਅਕਤੂਬਰ 1962 ਈ: ਸਵੇਰੇ ਉੱਠਦਿਆਂ ਸਾਰ ਲੇਖਕ ਬੱਸਾਂ ਦੇ ਅੱਡੇ ਉੱਤੇ ਪੁੱਜੇ। ਰੁਕੇਵਾਲ ਬੱਸ ਅੱਡੇ ਤੋਂ ਲੇਖਕ ਦਸ-ਬਾਰਾਂ ਮੀਲ ਦੀ ਵਿੱਥ

ਰਹੇ ਸੀ। ਉਸ ਸਮੇਂ ਲੇਖਕ ਦੇ ਦਰ ਖੋਲ੍ਹਤ ਦੀ ਸੜਕ। ਜਦੋਂ ਲੇਖਕ ਲਾਹੌਰ ਪਹੁੰਚਿਆ ਤਾਂ ਆਪਣਾ ਪਿੰਡ ਦੇਖਣ ਲਈ ਕਾਹਲਾ ਸੀ। ਪੁੱਛ-ਪੜਤਾਲ ਕੇ ਆਪਣੇ ਬਾਰੇ - ਪੱਤਰ ਕਰ ਕੇ ਲੇਖਕ ਨੂੰ ਉਸ ਥਾਂ ਪਹੁੰਚਾਇਆ, ਉਸਦੀ ਸ਼ਕਲ ਦੇਖ ਕੇ ਲੇਖਕ ਆਪਣੇ ਘਰ ਨੂੰ ਦੇਖ ਕੇ ਰੋਣਾ ਪਾਉਣ ਲੱਗਾ ਕਿ ਇਹੋ ਉਸਦਾ ਘਰ ਹੈ। ਇੱਥੇ ਹੀ ਉਸਦੀ ਖੂਹ ਦੀ ਰਖਵਾਲੀ ਹੁੰਦੀ ਸੀ। ਉਹ ਆਪਣੀ ਮਾਂ ਨਾਲ ਖੂਹ ਤੇ ਜਾ ਕੇ ਪਾਣੀ ਭਰਦੇ ਹੁੰਦੀ ਸੀ।

## ਵਿਧੀ :—

ਸਭ ਤੋਂ ਪਹਿਲਾਂ ਪਾਠ ਅਤੇ ਲੇਖਕ ਦੀ ਜਾਣਕਾਰੀ ਦਿੱਤੀ ਜਾਵੇਗੀ। ਫਿਰ ਬੱਚਿਆਂ ਤੋਂ ਵਾਰੋ-ਵਾਰੀ ਪਾਠ ਪੜ੍ਹਾਇਆ ਜਾਵੇਗਾ। ਤਾਂ ਜੋ ਉਹਨਾਂ ਦੀ ਬੋਲਣ ਯੋਗਤਾ ਬਾਰੇ ਜਾਣਕਾਰੀ ਹੋ ਸਕੇ। ਔਖੇ ਸ਼ਬਦਾਂ ਦੀ ਜਾਣਕਾਰੀ ਦੇਣ ਲਈ ਅਰਥਾਂ ਸਮੇਤ ਬਲੈਕ-ਬੋਰਡ ਤੇ ਲਿਖੇ ਜਾਣਗੇ। ਫਿਰ ਅਧਿਆਪਕ, ਪਾਠ ਦੀ ਵਿਆਖਿਆ ਕਰੇਗਾ ਤੇ ਦੱਸੇਗਾ ਕਿ ਪਾਠ ਸ਼ੁਰੂ ਹੋਇਆ ਜਿਸ ਵਿੱਚ ਲੇਖਕ ਆਪਣੇ ਪਿੰਡ ਜਾਣ ਲਈ ਉਤਾਵਲਾ ਸੀ ਕਿਉਂਕਿ ਉਹ ਲੇਖਕ ਦੀ ਜਨਮ-ਭੂਮੀ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਉਹ ਉੱਥੇ ਰਹਿੰਦਾ ਸੀ। ਉਹ ਆਪਣੀ ਜਨਮ-ਭੂਮੀ 'ਤੇ ਮਾਂ ਦੇ ਆਪਣਿਆਂ ਸਾਰਿਆਂ ਜਾਣਾਂ ਤਰਸਦਾ ਹੈ, ਉਸਨੂੰ ਆਪਣਾ ਪਿੰਡ, ਅੱਡਾ;

ਜਿਸ ਕਰਕੇ, ਧੁਨ, ਪੰਛੀ ਵਾਲੀ ਥਾਂ ਖਾਣ ਰੱਖ ਜਾਣ ਆ ਜਾਂਦੇ ਹੈ। ਪਾਣੀ ਨਾਲ ਸੰਬੰਧਿਤ ਸਮੱਸਿਆ/ਉੱਤਰ ਕਰਦੇ ਜਾਂਦੇ।

## ਬਚਾਅਤਮਕ ਕਦਮ —

1. ਬੱਚਿਆਂ ਦੀ ਜ਼ਿੰਦਗੀ ਵਿੱਚ ਵਾਧਾ ਕਰਨ ਲਈ ਦੇਸ਼ ਲਈ ਜ਼ਰੂਰ ਹੋਏ ਕਿਸੇ ਸਮੱਸਿਆਂ ਨੂੰ ਧਿਆਨ ਵਿਚਾਰ ਕਰਨ ~~ਲਈ~~ ਕਿਹਾ ਜਾਵੇਗਾ।
2. ਪੰਜਾਬ ਸਰਕਾਰ ਦੀਆਂ ਨਿਯਮਾਂ ਦੇ ਅਧਾਰ ਨੂੰ ਸਮਾਜ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।
3. ਪੰਜਾਬ ਸਰਕਾਰ ਦੀ ਪ੍ਰਸਤਾਵ ਸੰਗਾ ਪਰਿਸਥਿਤੀ ਸਮੱਸਿਆਵਾਂ, ਸਮਾਜ ਦੀ ਭਲਾਈ ਵਿੱਚ ਲੈ ਕੇ ਪਹੁੰਚ ਲਈ ਕਿਹਾ ਜਾਵੇਗਾ।

# ਪਾਠ - ਯੋਜਨਾ

**ਜਮਾਤ** - ਨੌਵੀਂ     **ਪਾਠ** - ਜਨਮ-ਦਿਨ (ਕਹਾਣੀ)
(ਪ੍ਰੋ: ਮਹਿੰਦਰ ਸਿੰਘ ਉੱਪਲ)

**ਵਿਸ਼ਾ** - ਪੰਜਾਬੀ

**ਸਹਾਇਕ ਸਮੱਗਰੀ** — ਪਾਠ-ਪੁਸਤਕ, ਪਾਠ ਨਾਲ ਸੰਬੰਧਿਤ ਤਸਵੀਰਾਂ, ਮਾਰਕਰ, ਬਲੈਕ-ਬੋਰਡ, ਚਾਕ, ਡਸਟਰ

## ਪਾਠ ਦਾ ਉਦੇਸ਼ —

1. ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨਾ।
2. ਆਪਣੇ ਆਪ ਵਿੱਚ ਚੰਗੇ ਗੁਣਾਂ ਨੂੰ ਧਾਰਨ ਕਰਕੇ ਦੂਜਿਆਂ ਦੀਆਂ ਖਾਹਿਸ਼ਾਂ ਨੂੰ ਸਮਝਣਾ।
3. ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿਣਾ।
4. ਜਾਤ-ਪਾਤ ਅਤੇ ਧਰਮ ਦਾ ਭੇਦ-ਭਾਵ ਮਿਟਾਉਣਾ।

## ਪ੍ਰਸ਼ਨ ਗਿਆਨ ਪਰਖ:-

1. ਕੀ ਵਿੱਦਿਆ ਸਭ ਤੋਂ ਵੱਡੀ ਸ਼ਕਤੀ ਹੈ?
2. ਕੀ ਸਾਨੂੰ ਜਾਤ-ਪਾਤ, ਅਮੀਰ-ਗਰੀਬ ਅਤੇ ਧਰਮ ਪ੍ਰਤੀ ਵਿਤਕਰਾ ਰੱਖਣਾ ਚਾਹੀਦਾ ਹੈ?
3. ਕੀ ਸਾਡੇ ਦੇਸ਼ ਵਿੱਚ ਦੇਸ਼ ਲਈ ਲੜਨ ਵਾਲਿਆਂ ਦਾ ਸਤਿਕਾਰ ਕੀਤਾ ਜਾਂਦਾ ਹੈ?
4. ਕੀ ਅਮੀਰ ਲੋਕ ਗਰੀਬ ਲੋਕਾਂ ਦੀਆਂ ਸਧਰਾਂ ਦਾ ਧਿਆਨ ਰੱਖਦੇ ਹਨ?

## ਸ਼ਬਦਾਵਲੀ :—

ਇਸ ਕਹਾਣੀ ਵਿੱਚ ਹੇਠ ਲਿਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਬੱਚਿਆਂ ਨੂੰ ਆਮ ਖਾਸ ਸ਼ਬਦਾਂ ਬਾਰੇ ਦੱਸ ਕੇ ਅਤੇ ਵਿਸ਼ੇਸ਼ ਅਰਥਾਂ ਸਮੇਤ ਸਮਝਾਏ ਜਾਣਗੇ।

ਜਿਵੇਂ:- ਤਰਜੀਹ, ਸਹਿਕਦੇ, ਤੰਗਦਸਤੀ

ਅਰਥ- ਪਹਿਲ, ਤਰਸਦੇ, ਗਰੀਬੀ

## ਵਿਸ਼ਾ :—

ਰਜਨੀ ਜਨਮ ਦਿਨ ਮਨਾਉਣ ਜਿਸ ਉੱਪਰ ਦੀ ਹੈ। ਜਿਤੋਂ ਹੀ ਸ਼ਹਿਰ ਪ੍ਰਸਾਰ ਦੀ ਤਰਫ਼ਦਾਰ ਪੰਜ ਰੁਪਏ ਦਸੀ ਉਹ ਆਪਣੇ ਛੋਟੇ ਬੇਟੇ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਰਵਾਉਣ ਦੀ ਆਸ ਪੂਰੀ ਕਰਨੀ ਸੀ, ਪਰ ਪਤਨੀ ਤਾਂ ਪਤੀ ਦੀ ਤਰਫ਼ਦਾਰ ਦਾਖ਼ਲੇ ਦੀ ਆਸ ਨਾਲ ਨਹੀਂ ਸ਼ਹਿਰ ਪਹੁੰਚਿਆ ਕਰਨਾ ਚਾਹੁੰਦੀ ਸੀ। ਆਖਿਆ ਜਿਸਾ ਹੈ ਕੇ ਉਪਰ ਪੰਜ ਨੌ ਕੇ ਬੇਟੀ ਦਾ ਅੰਗਰੇਜ਼ੀ ਸਕੂਲ ਵਿੱਚ ਦਾਖ਼ਲਾ ਕਰਵਾ ਦਿੱਤਾ। ਪਰੰਤੂ ਬੀਤ ਗਏ ਕੇਵਲ ਦੇ ਬਾਵਜੂਦ ਵੀ ਬੇਟੀ ਨੇ ਸਕੂਲ ਵਿੱਚ ਅਮੀਰ-ਗਰੀਬ, ਦੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਜਦੋਂ ਪ੍ਰਿੰਸੀਪਲ ਨੇ ਬੇਟੀ ਦੇ ਜਮਾਤ ਵਿੱਚ ਹਰ ਬੇਟੀ ਦੀ ਸਾਂਝ ਮੇਲ ਪ੍ਰਾਪਤ ਹੋਇਆ ਦੇ ਪੱਤਰ ਨੂੰ ਪੜ੍ਹਿਆ ਦਿੱਤਾ। ਰਜਨੀ ਦੇ ਅੰਤ ਵਿੱਚ ਸ਼ਹਿਰ ਪ੍ਰਸਾਰ ਕਰਦਿਆਂ ਹੈ, ਅੱਜ ਉਸ ਬੇਟੀ ਦਾ ਜਨਮ ਦਿਨ ਨਹੀਂ ਸਗੋਂ ਜਨਮ ਦਿਨ ਹੈ। ਸਗੋਂ ਮੇਰੀ ਰਜਨੀ ਅਤੇ ਔਰਤ ਦਾ ਜਨਮ-ਦਿਨ ਹੈ। ਹੁਣ ਮੈਂ ਦੇਖਾਂਗਾ ਪਰ ਕਿਵੇਂ ਏਨੀ ਗਰੀਬਾਂ ਦੀਆਂ ਮੰਗਾਂ ਅਤੇ ਉਸੇਗਾ ਨੂੰ ਸਿਤਾਰਨ ਦੀ ਸ਼ਰਾਰਤ ਕਰੇਗਾ।

## ਵਿਧੀ :—

ਸਭ ਤੋਂ ਪਹਿਲਾਂ ਬੱਚਿਆਂ ਨੂੰ ਪਾਠ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਫਿਰ ਬੱਚਿਆਂ ਤੋਂ ਵਾਰੋ-ਵਾਰੀ ਪਾਠ ਪੜ੍ਹਾ ਕੇ ਪੜ੍ਹਨ ਕੌਸ਼ਲ ਬਾਰੇ ਜਾਣਕਾਰੀ ਲਈ ਜਾਵੇਗੀ ਅਤੇ ਔਖੇ-ਔਖੇ ਸ਼ਬਦਾਂ ਦੇ ਅਰਥ ਬਲੈਕ ਬੋਰਡ ਤੇ ਲਿਖ ਕੇ ਸਮਝਾਏ ਜਾਣਗੇ। ਪਾਠ ਵਿੱਚੋਂ ਬੱਚਿਆਂ ਤੋਂ ਪ੍ਰਸ਼ਨ ਪੁੱਛੇ ਜਾਣਗੇ ਤਾਂ ਜੋ ਉਹਨਾਂ ਦੀ ਸਮਝ ਦੀ, ਸਿੱਖਿਆ ਬਾਰੇ ਜਾਣਕਾਰੀ ਹੋ ਸਕੇ। ਕਹਾਣੀ ਦੇ ਅਧਾਰ ਤੇ ਜਮਾਤ ਵਿੱਚ ਨਾਟਕ ਦੀ ਪੇਸ਼ਕਾਰੀ ਵੀ ਕਰਾਈ ਜਾਵੇਗੀ। ਪ੍ਰਸ਼ਨ। ਉੱਤਰਾਂ ਤੇ ਵਿਚਾਰ ਵਟਾਂਦਰਾ ਕਰਕੇ ਕਾਪੀਆਂ ਵਿੱਚ ਕਰਾਏ ਜਾਣਗੇ।

## ਰਚਨਾਤਮਕ ਕਾਰਜ :—

1. ਅਧਿਆਪਕ ਕਹਾਣੀ ਨੂੰ ਨਾਟਕੀ ਰੂਪ ਦੇ ਕੇ ਨਾਟਕ ਖਿਡਾਏਗਾ।
2. ਬੱਚਿਆਂ ਨੂੰ ਅਮੀਰ ਅਤੇ ਗਰੀਬ ਦੇ ਵਿਚਕਾਰ ਦੀ ਭਾਵਨਾ ਨੂੰ ਖਤਮ ਕਰਨ ਲਈ ਗਰੀਬ ਬੱਚਿਆਂ ਦੀ ਮਦਦ ਕਰਨ ਲਈ ਕਿਹਾ ਜਾਵੇਗਾ।